# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 22 ਸਤੰਬਰ 2025 ਦਿਨ ਸੋਮਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮਹਾਰਾਜਾ ਅਗਰਸੈਨ ਯੁਵਕ ਮੰਡਲ ਅਹਿਮਦਗੜ ਵੱਲੋਂ ਮਨਾਇਆ ਗਿਆ ਅਗਰਸੈਨ ਜੀ ਦਾ ਜਨਮ ਦਿਹਾੜਾ।

ਵਰਲਡ ਪੰਜਾਬੀ ਟਾਈਮਜ਼ — ਪਵਨ ਗੁਪਤਾ




ਅਹਿਮਦਗੜ 22 ਸਤੰਬਰ : ਮਹਾਰਾਜਾ ਅਗਰਸੈਨ ਯੁਵਕ ਮੰਡਲ ਅਹਿਮਦਗੜ ਅਤੇ ਸ਼੍ਰੀ ਬਾਂਕੇ ਬਿਹਾਰੀ ਚੈਰੀਟੇਬਲ ਟਰਸਟ ਵੱਲੋਂ ਮਹਾਨ ਸਮਾਜ ਸੁਧਾਰਕ ਮਹਾਰਾਜਾ ਅਗਰਸੈਨ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮਹਾਰਾਜਾ ਅਗਰਸੈਨ ਜੀ ਦੀ ਪ੍ਰਤਿਮਾ ਅੱਗੇ ਜੋਤ ਪ੍ਰਜਵਲਿਤ ਕਰਕੇ ਕੀਤੀ ਗਈ। ਇਸ ਮੌਕੇ ਤੇ ਸੰਸਥਾ ਦੇ ਸਾਰੇ ਮੈਂਬਰਾਂ ਨੇ ਇਲਾਕਾ ਨਿਵਾਸੀਆਂ ਨੂੰ ਜਨਮ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਮਹਾਰਾਜਾ ਅਗਰਸੈਨ ਜੀ ਦੇ ਸਿਧਾਂਤਾਂ 'ਤੇ ਚੱਲਣ ਦਾ ਸੰਦੇਸ਼ ਦਿੱਤਾ।



ਸਮਾਗਮ ਦੌਰਾਨ ਸੰਸਥਾ ਦੇ ਜਨਰਲ ਸਕੱਤਰ ਲਲਿਤ ਗੁਪਤਾ ਅਤੇ ਪ੍ਰਧਾਨ ਵਿਕਾਸ ਜੈਨ ਨੇ ਮਹਾਰਾਜਾ ਅਗਰਸੈਨ ਜੀ ਦੇ ਜੀਵਨ 'ਤੇ ਵਿਸਥਾਰ ਨਾਲ ਚਾਨਣ ਪਾਇਆ। ਉਨ੍ਹਾਂ ਨੇ ਦੱਸਿਆ ਕਿ ਮਹਾਰਾਜਾ ਅਗਰਸੈਨ ਜੀ ਨੇ ਸਦਾ ਸਮਾਜ ਵਿੱਚ ਸਾਂਝੀਵਾਲੀ, ਬਰਾਬਰੀ ਅਤੇ ਸੇਵਾ ਭਾਵਨਾ ਦਾ ਪਾਠ ਪੜ੍ਹਾਇਆ। ਮਹਾਰਾਜਾ ਅਗਰਸੇਨ ਇੱਕ ਕਰਮਯੋਗੀ ਸਨ ਜੋ ਸਮਾਜਵਾਦ ਦੇ ਪੈਰੋਕਾਰ ਹੋਣ ਦੇ ਨਾਲ ਨਾਲ ਸਾਰਿਆਂ ਲਈ ਖੁਸ਼ਹਾਲੀ ਦਾ ਪ੍ਰਚਾਰ ਕਰਦੇ ਸਨ। ਉਨ੍ਹਾਂ ਨੇ ਇੱਕ ਸਮਾਨਤਾਵਾਦੀ ਸਮਾਜ ਨੂੰ ਯਕੀਨੀ ਬਣਾਉਣ ਲਈ ਇੱਕ ਵਿਲੱਖਣ ਨਿਯਮ ਸਥਾਪਤ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਅਗਰੋਹਾ ਦਾ ਹਰ ਨਿਵਾਸੀ ਉੱਥੇ ਸਥਾਈ ਤੌਰ 'ਤੇ ਵਸਣ ਲਈ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਇੱਕ ਇੱਟ ਲਈ ਇੱਕ ਰੁਪਿਆ ਦੇਵੇਗਾ। ਇਨ੍ਹਾਂ ਇੱਟਾਂ ਨਾਲ ਵਿਅਕਤੀ ਘਰ ਬਣਾ ਸਕਦਾ ਹੈ ਅਤੇ ਕਮਾਈ ਨਾਲ ਕਾਰੋਬਾਰ ਸ਼ੁਰੂ ਕਰ ਸਕਦਾ ਹੈ। ਇਸ ਤੋਂ ਇਲਾਵਾ ਲੈਕ: ਸ਼੍ਰੀ ਗੁਪਤਾ ਨੇ ਦੱਸਿਆ ਕਿ ਮਹਾਰਾਜਾ ਅਗਰਸੇਨ ਦਾ ਜਨਮ ਸੂਰਿਆਵੰਸ਼ੀ ਕਸ਼ੱਤਰੀ ਕਬੀਲੇ ਵਿੱਚ ਹੋਇਆ ਸੀ। ਉਨ੍ਹਾਂ ਦਾ ਜਨਮ ਅਸ਼ਵਿਨ ਮਹੀਨੇ ਦੇ ਸ਼ੁਕਲ ਪ੍ਰਤੀਪਦਾ ਨੂੰ ਹੋਇਆ ਸੀ। ਮਹਾਰਾਜਾ ਅਗਰਸੇਨ ਭਗਵਾਨ ਸ਼੍ਰੀ ਰਾਮ ਦੇ 34 ਵੇਂ ਵੰਸ਼ਜ ਸਨ। ਅੱਜ ਅਸੀਂ ਸਾਰੇ ਅਗਰਵਾਲ ਪਰਿਵਾਰ ਦੇ ਲੋਕ 5149ਵੀਂ ਵਿੱਚ ਉਨ੍ਹਾਂ ਦੀ ਜਨਮ ਵਰ੍ਹੇਗੰਢ ਮਨਾ ਰਹੇ ਹਾਂ। ਇਹ ਸਮਾਗਮ ਸਿਰਫ਼ ਇੱਕ ਧਾਰਮਿਕ ਜਸ਼ਨ ਨਹੀਂ ਸੀ ਬਲਕਿ ਸਮਾਜਿਕ ਜਾਗਰੂਕਤਾ ਅਤੇ ਸੇਵਾ ਦੇ ਸੁਨੇਹੇ ਨੂੰ ਫੈਲਾਉਣ ਵਾਲਾ ਪ੍ਰੇਰਨਾਦਾਇਕ ਕਾਰਜਕ੍ਰਮ ਸੀ।

ਇਸ ਮੌਕੇ ਸੰਸਥਾ ਵੱਲੋਂ ਪੁੱਜੀਆਂ ਸਮੂਹ ਸੰਗਤਾਂ ਨੂੰ ਛੋਲਿਆਂ ਦੇ ਕੁਲਚੇ ਦਾ ਪ੍ਰਸ਼ਾਦ ਵੀ ਵੰਡਿਆ ਗਿਆ। ਇਸ ਮੌਕੇ ਵਿਕਾਸ ਜੈਨ, ਸਾਹਿਲ ਜਿੰਦਲ, ਚੰਦਨ ਗਰਗ, ਸ਼ੁਭਮ ਜਿੰਦਲ, ਡਾ: ਅਸ਼ੀਸ਼ ਗੌਤਮ, ਮਨਨ ਜੈਨ, ਸੁਧੀਰ ਗਰਗ, ਰੋਹਿਤ ਜਿੰਦਲ, ਦੀਪਾਂਸ਼ੂ, ਨਿਸ਼ਾਂਤ ਗੋਇਲ, ਪੁਨੀਤ ਜੈਨ, ਰੋਹਿਨ, ਅਭਿਨੰਦਨ ਗੋਇਲ, ਕੁਸ਼ਲ ,ਕਰਨ ਜੈਨ, ਲਲਿਤ ਜਿੰਦਲ, ਮਯੰਕ ਤਾਇਲ, ਲੈਕਚਰਾਰ ਲਲਿਤ ਗੁਪਤਾ, ਜਤਿੰਦਰ ਵਰਮਾ, ਮਨੀਸ਼ ਸਿੰਗਲਾ, ਹਿਮਾਂਸ਼ੂ ਬੱਤਰਾ, ਅਨਮੋਲ ਗੁਪਤਾ, ਸ਼ੁਭਦੀਪ ਗੁਪਤਾ, ਅਸ਼ੀਸ਼ ਗੋਇਲ, ਮੈਡਮ ਸੀਮਾ ਕਪੂਰ, ਅਨੀਤਾ ਰਾਣੀ, ਕਿਰਨਜੀਤ ਕੌਰ, ਕਿਰਨਦੀਪ ਕੌਰ, ਪ੍ਰਭਦੀਪ ਕੌਰ, ਨੈਨਸੀ ਸ਼ਹਿਨਾਜ਼ ਤੋਂ ਇਲਾਵਾ ਬਾਂਕੇ ਬਿਹਾਰੀ ਚੈਰੀਟੇਬਲ ਟਰੱਸਟ ਦੇ ਸਮੂਹ ਵਿਦਿਆਰਥੀ ਹਾਜ਼ਰ ਸਨ।

## 'ਸੇਵਾ ਪਖਵਾੜੇ' ਤਹਿਤ ਕੋਟਕਪੂਰਾ ਵਿਖ਼ੇ ਭਾਜਪਾ ਆਗੂਆਂ ਨੇ ਵੱਖ-ਵੱਖ ਕਿਸਮਾਂ ਦੇ ਲਾਏ ਬੂਟੇ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 22 ਸਤੰਬਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ 75ਵੇਂ ਜਨਮਦਿਨ ਨੂੰ ਸਮਰਪਿਤ ਭਾਜਪਾ ਵਲੋਂ ਮਨਾਏ ਜਾ ਰਹੇ 'ਸੇਵਾ ਪਖਵਾੜੇ' ਤਹਿਤ ਅੱਜ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਸਥਾਨਕ ਮੁਕਤਸਰ ਰੋਡ 'ਤੇ ਸਥਿਤ ਨਿਰੋਗ ਬਾਲ ਆਸ਼ਰਮ ਵਿਖ਼ੇ ਵੱਖ ਵੱਖ ਕਿਸਮਾਂ ਦੇ ਬੂਟੇ ਲਾਏ ਗਏ। ਇਸ ਮੌਕੇ ਸੀਨੀਅਰ ਭਾਜਪਾ ਆਗੂ ਮਾਸਟਰ ਹਰਬੰਸ ਲਾਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੇ ਜਨਮਦਿਨ 'ਤੇ 7.5 ਮਿਲੀਅਨ ਰੁੱਖ ਲਗਾਏ ਜਾਣਗੇ, ਜਿਨ੍ਹਾਂ ਦੀ ਸੰਭਾਲ ਵੀ ਯਕੀਨੀ ਬਣਾਈ ਜਾਵੇਗੀ। ਉਹਨਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ 'ਏਕ ਪੇੜ ਮਾਂ ਕੇ ਨਾਮ' ਸਕੀਮ ਤਹਿਤ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਉਣ ਅਤੇ ਸੂਬੇ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਚਲਾਈ ਮੁਹਿੰਮ ਵਿੱਚ ਬਣਦਾ ਯੋਗਦਾਨ ਪਾਉਣ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਦੂਸ਼ਣ ਵਰਗੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਹਰਦੀਪ ਸ਼ਰਮਾ ਅਤੇ ਕ੍ਰਿਸ਼ਨ ਨਾਰੰਗ ਦੇ ਆਖਿਆ ਕਿ 17 ਸਤੰਬਰ ਤੋਂ 2 ਅਕਤੂਬਰ ਤੱਕ ਚੱਲਣ ਵਾਲੇ ਸੇਵਾ ਪਖਵਾੜੇ ਦੌਰਾਨ ਭਾਜਪਾ ਵਰਕਰਾਂ ਵੱਲੋਂ ਖੂਨਦਾਨ ਕੈਂਪਾਂ ਦੇ ਨਾਲ-ਨਾਲ ਸ਼ਹਿਰਾਂ ਵਿੱਚ ਨਮੋ ਦੌੜ ਦਾ ਆਯੋਜਨ ਕੀਤਾ ਜਾ ਰਿਹਾ ਹੈ। ਰਾਜਨ ਨਾਰੰਗ ਅਤੇ ਮਨਜੀਤ ਨੇਗੀ ਦੇ ਦੱਸਿਆ ਕਿ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਮੋਦੀ ਜੀ ਦੇ 75ਵੇਂ ਜਨਮਦਿਨ ਨੂੰ ਦੋ ਹਫ਼ਤਿਆਂ ਤੱਕ 'ਸੇਵਾ ਪਖਵਾੜੇ' ਵਜੋਂ ਮਨਾਉਣ ਦਾ ਐਲਾਨ ਕੀਤਾ ਹੋਇਆ ਹੈ। ਕਰਤਾਰ ਸਿੰਘ ਸਿੱਖਾਂਵਾਲਾ ਅਤੇ ਸੋਨੂੰ ਸਿੰਗਲਾ ਨੇ ਦੱਸਿਆ ਕਿ ਮੋਦੀ ਜੀ ਦੇ ਜਨਮਦਿਨ ਮੌਕੇ ਲਾਏ ਖੂਨਦਾਨ ਕੈਂਪ ਦੌਰਾਨ ਗੁਜਰਾਤ ਕਰਮਚਾਰੀ ਯੂਨੀਅਨ ਦੇ ਮੈਂਬਰਾਂ ਨੇ ਖੂਨਦਾਨ ਦਾ ਵਿਸ਼ਵ ਰਿਕਾਰਡ ਬਣਾਇਆ, ਜਿਸ ਦੇ 378 ਕੈਂਪਾਂ ਵਿੱਚ 56,265 ਯੂਨਿਟ ਖੂਨਦਾਨ ਕੀਤਾ ਗਿਆ। ਉਹਨਾਂ ਦੱਸਿਆ ਕਿ ਦੇਸ਼ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਇੰਨੇ ਵੱਡੇ ਪੱਧਰ 'ਤੇ ਖੂਨਦਾਨ ਹੋਇਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨੰਦ ਭਾਰਤੀ, ਰਵਿੰਦਰ ਪਾਲ ਸਮੇਤ ਹੋਰ ਵੀ ਭਾਜਪਾ ਆਗੂ ਹਾਜਰ ਸਨ।



## 'ਚੱਲੋ ਬੁਲਾਵਾ ਆਇਆ ਹੈ', ਦੀ ਸਾਰੀ ਸਟਾਰ ਕਾਸਟ ਟੀਮ ਫਰੀਦਕੋਟ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਹੋਈ ਨਤਮਸਤਕ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 22 ਸਤੰਬਰ : ਬਾਬਾ ਸ਼ੇਖ ਫਰੀਦ ਜੀ ਦੀ ਚਰਨ-ਛੋਹ ਪ੍ਰਾਪਤ ਪਵਿੱਤਰ ਨਗਰੀ ਵਿਖੇ "ਚੱਲੋ ਬੁਲਾਵਾ ਆਇਆ ਹੈ", ਇੱਕ ਨਵੀਂ ਬਣੀ ਫਿਲਮ, ਦੀ ਸਾਰੀ ਸਟਾਰ ਕਾਸਟ ਟੀਮ ਪੁਖਰਾਜ ਭੱਲਾ, ਅਰਵਿੰਦ ਕੌਰ, ਗੁਰਜੀਤ ਕੌਰ, ਪੁਨੀਆਂ ਮਹਿਤਾ, ਹਨੀ ਮੱਟੂ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਨਤਮਸਤਕ ਹੋਏ। ਟਿੱਲਾ ਬਾਬਾ ਫਰੀਦ ਵਿਖੇ ਪੁਹੰਚਣ 'ਤੇ ਡਾ. ਗੁਰਇੰਦਰ ਮੋਹਨ ਸਿੰਘ ਜੀ ਨੇ ਕਮੇਟੀ ਵੱਲੋਂ ਸਿਰੋਪਾਓ ਅਤੇ ਦੁਸ਼ਾਲਾ ਪਾ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਅਤੇ ਉਹਨਾਂ ਨੂੰ ਬਾਬਾ ਫਰੀਦ ਸੰਸਥਾਵਾਂ ਦੇ ਸਥਾਪਕ ਸ. ਇੰਦਰਜੀਤ ਸਿੰਘ ਖਾਲਸਾ ਜੀ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਭੇਂਟ ਕੀਤੀਆਂ। ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ, ਫ਼ਰੀਦਕੋਟ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋ ਜੀ ਵੱਲੋਂ ਵੀ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਚੱਲੋ ਬੁਲਾਵਾ ਆਇਆ ਹੈ ਦੀ ਟੀਮ ਨੇ ਸੇਖੋਂ ਸਾਹਿਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਬਾਬਾ ਫਰੀਦ ਜੀ ਦੇ ਇਸ ਪਾਵਨ ਅਸਥਾਨ 'ਤੇ ਆ ਕੇ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਹੇ ਹਨ। ਇਸ ਮੌਕੇ ਸਟਾਰ ਕਾਸਟ ਟੀਮ ਦੇ ਨਾਲ ਸ਼੍ਰੀ ਵਿਸ਼ਾਲ ਸ਼ਰਮਾ, ਸ਼੍ਰੀ ਰਿਸ਼ੀ ਸ਼ਰਮਾ, ਸ਼੍ਰੀ ਲਵੀ ਧਾਲੀਵਾਲ ਅਤੇ ਸ. ਜਗਤਾਰ ਦੋਸਾਂਝ ਜੀ ਵੀ ਸ਼ਾਮਿਲ ਸਨ।

## ਬਾਬਾ ਫ਼ਰੀਦ ਆਗਮਨ-ਪੁਰਬ ਦੇ ਤੀਜੇ ਦਿਨ ਕਥਾ- ਵਾਚਕ ਅਤੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਕੀਤਾ ਨਿਹਾਲ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 22 ਸਤੰਬਰ : ਬਾਬਾ ਫ਼ਰੀਦ ਜੀ ਦੇ ਆਗਮਨ-ਪੁਰਬ 2025 ਦੇ ਤੀਜੇ ਦਿਨ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਅਤੇ ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਫ਼ਰੀਦਕੋਟ ਦੇ ਸਮੂਹ ਮੈਂਬਰ ਸ. ਦੀਪਇੰਦਰ ਸਿੰਘ ਸੇਖੋ, ਡਾ. ਗੁਰਇੰਦਰ ਮੋਹਨ ਸਿੰਘ, ਸ. ਸੁਰਿੰਦਰ ਸਿੰਘ ਰੋਮਾਣਾ, ਸ. ਚਰਨਜੀਤ ਸਿੰਘ ਸੇਖੋ, ਸ. ਗੁਰਜਾਪ ਸਿੰਘ ਸੇਖੋਂ ਅਤੇ ਸ. ਨਰਿੰਦਰਪਾਲ ਸਿੰਘ ਬਰਾੜ ਦੀ ਦੇਖ-ਰੇਖ ਹੇਠ ਧਾਰਮਿਕ ਸਮਾਗਮ ਦੌਰਾਨ ਕਥਾ-ਵਾਚਕ ਅਤੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਸ. ਸਿਮਰਜੀਤ ਸਿੰਘ ਸੇਖੋਂ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਸਤਬੰਰ ਨੂੰ ਸ਼ਾਮ ਦੇ ਸਮੇਂ ਗੁ ਗੋਦੜੀ ਸਾਹਿਬ ਵਿਖੇ ਭਾਈ ਜਸਵਿੰਦਰ ਸਿੰਘ ਜੀ ਦਰਦੀ ਕਥਾ- ਵਾਚਕ, ਸ੍ਰੀ ਹਰਮਦਿੰਰ ਸਾਹਿਬ ਜੀ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਭਾਈ ਨਿਰਭੇਅ ਸਿੰਘ, ਰਾਗੀ ਜੱਥਾ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨੇ ਆਪਣੇ ਰੂਹਾਨੀ ਕਥਾ-ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਅੰਤ ਵਿੱਚ ਕਮੇਟੀ ਵੱਲੋਂ ਸਿੰਘ ਸਹਿਬਾਨਾਂ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

## ਪਾਣੀ ਦੀਆਂ ਅਵਸਥਾਵਾਂ

ਵਰਲਡ ਪੰਜਾਬੀ ਟਾਈਮਜ਼ — ਪ੍ਰੋ. ਨਵ ਸੰਗੀਤ ਸਿੰਘ

ਅੱਜ ਨੌਵੀਂ ਜਮਾਤ ਦਾ ਸਾਇੰਸ ਦਾ ਪੀਰੀਅਡ ਲੱਗਿਆ ਹੋਇਆ ਹੈ। ਸਾਇੰਸ ਅਧਿਆਪਕ ਸ੍ਰੀ ਸੁਰਿੰਦਰ ਗੋਇਲ ਇੱਕ ਇੱਕ ਵਿਦਿਆਰਥੀ ਨੂੰ ਚੰਗੀ ਤਰ੍ਹਾਂ ਸਮਝਾ ਰਹੇ ਹਨ ਕਿ ਪਾਣੀ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ – ਤਰਲ, ਗੈਸ ਅਤੇ ਠੋਸ। ਫਿਰ ਉਨ੍ਹਾਂ ਨੇ ਉਦਾਹਰਣਾਂ ਦੇ ਕੇ ਦੱਸਿਆ ਕਿ "ਪਾਣੀ ਦਾ ਤਰਲ ਰੂਪ ਤਾਂ ਉਹ ਹੈ, ਜੋ ਸਾਡੇ ਰੋਜ਼ਾਨਾ ਜੀਵਨ ਵਿੱਚ ਵਧੇਰੇ ਕਰਕੇ ਕੰਮ ਆਉਂਦਾ ਹੈ ਜਿਵੇਂ ਪੀਣ ਦੇ, ਕੱਪੜੇ ਧੋਣ ਦੇ ਵਗੈਰਾ; ਬਾਕੀ ਦੇ ਰੂਪਾਂ ਵਿੱਚ ਗੈਸ ਉਹ ਹੈ, ਜੋ ਬੱਦਲਾਂ ਦੇ ਰੂਪ ਵਿੱਚ ਮਿਲਦੀ ਹੈ, ਜਿਸ ਤੋਂ ਮੀਂਹ ਪੈਂਦਾ ਹੈ; ਠੋਸ ਰੂਪ ਹੈ- ਬਰਫ਼, ਜੋ ਅਸੀਂ ਫਰਿਜ ਵਿੱਚ ਆਈਸਕਰੀਮ




ਦੇ ਰੂਪ ਵਿੱਚ ਜਮਾਉਂਦੇ ਹਾ।" ਸਾਰਾ ਕੁਝ ਸਮਝਾਉਣ ਪਿੱਛੋਂ ਅਧਿਆਪਕ ਨੇ ਅਗਲੇ ਦਿਨ ਇਹਨੂੰ ਯਾਦ ਕਰਕੇ ਆਉਣ ਨੂੰ ਕਿਹਾ।

ਅਗਲੇ ਦਿਨ ਲੱਗਭੱਗ ਹਰ ਵਿਦਿਆਰਥੀ ਨੇ ਪਹਿਲੇ ਦਿਨ ਸਮਝਾਏ ਅਧਿਆਪਕ ਦੇ ਉੱਤਰ ਨੂੰ ਹੀ ਇਨਬਿਨ ਦੱਸਿਆ। ਜਦੋਂ ਅਧਿਆਪਕ ਨੇ ਪਿਛਲੇ ਬੈਂਚ ਤੇ ਬੈਠੇ ਗੁਰਜੀਤ ਨੂੰ ਇਹੋ ਪ੍ਰਸ਼ਨ ਪੁੱਛਿਆ ਤਾਂ ਉਹ ਕੁਝ ਝਿਜਕਿਆ, ਫਿਰ ਇੱਕਦਮ ਬੋਲਿਆ, "ਹੜ੍ਹ।" ਜਮਾਤ ਵਿੱਚ ਸੰਨਾਟਾ ਜਿਹਾ ਛਾ ਗਿਆ। ਸ੍ਰੀ ਗੋਇਲ ਨੇ ਜਦੋਂ ਇਸ ਬਾਰੇ ਵਿਸਥਾਰ ਵਿੱਚ ਦੱਸਣ ਨੂੰ ਕਿਹਾ ਤਾਂ ਗੁਰਜੀਤ ਨੇ ਸਪਸ਼ਟ ਕੀਤਾ, "ਅਸਲ ਵਿੱਚ ਪਾਣੀ ਦੀ ਇੱਕੋ ਅਵਸਥਾ ਹੜ੍ਹ ਹੀ ਹੈ, ਬਾਕੀ ਤਾਂ ਐਵੇਂ ਹੀ ਹਨ।"

"ਉਹ ਕਿਵੇਂ?"

ਅਧਿਆਪਕ ਦੇ ਪੁੱਛਣ ਤੇ ਗੁਰਜੀਤ ਉਦਾਸ ਹੋ ਕੇ ਬੋਲਿਆ, "ਸਰ, ਪਾਣੀ ਨੇ ਸਾਡੇ ਘਰ ਘਾਟ ਬਰਬਾਦ ਕਰ ਦਿੱਤੇ, ਫਸਲਾਂ ਖਤਮ ਹੋ ਗਈਆਂ...।" ਇਸ ਤੋਂ ਬਾਦ ਉਹਦਾ ਗਲ਼ਾ ਭਰ ਆਇਆ, ਉਹਦਾ ਰੋਣ ਨਿਕਲ ਗਿਆ। ਅਧਿਆਪਕ ਨੇ ਉਹਦੇ ਕੋਲ ਜਾ ਕੇ ਉਹਨੂੰ ਹੌਸਲਾ ਦਿੱਤਾ ਤੇ ਬੋਲੇ, "ਹਾਂ ਬਈ, ਤੂੰ ਠੀਕ ਕਹਿੰਦਾ ਹੈਂ, ਪਾਣੀ ਦੀ ਇੱਕ ਅਵਸਥਾ ਹੜ੍ਹ ਵੀ ਹੈ...।"

## ਚੇਅਰਮੈਨ ਮਾਰਕੀਟ ਕਮੇਟੀ ਨੇ ਹੜ ਪ੍ਰਭਾਵਿਤ ਪਿੰਡ ਕੌਣੀ ਅਤੇ ਸੰਗਤਪੁਰਾ ਵਿੱਚ ਕੀਤਾ ਸਰਵੇ


### ਸਰਕਾਰ ਵੱਲੋਂ ਕੋਈ ਵੀ ਹੜ੍ਹ ਪ੍ਰਭਾਵਿਤ ਪਰਿਵਾਰ ਅਣਡਿੱਠਾ ਨਹੀਂ ਰਹੇਗਾ : ਚੇਅਰਮੈਨ ਆਰੇਵਾਲਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 22 ਸਤੰਬਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੜ੍ਹ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ ਅਤੇ ਗਰੀਬ ਪਰਿਵਾਰਾਂ ਨੂੰ ਜਲਦ ਮੁਆਵਜ਼ਾ ਦੇਣ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਸ ਮੁਹਿੰਮ ਲਈ ਪਟਵਾਰੀ ਮੈਦਾਨ 'ਚ ਉਤਰੇ ਹੋਏ ਹਨ, ਜੋ ਘਰ-ਘਰ ਜਾ ਕੇ ਪ੍ਰਭਾਵਿਤ ਪਰਿਵਾਰਾਂ ਦੇ ਨੁਕਸਾਨ ਦੀ ਰਿਪੋਰਟ ਤਿਆਰ ਕਰ ਰਹੇ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਚੇਅਰਮੈਨ ਮਾਰਕੀਟ ਕਮੇਟੀ ਕੋਟਕਪੂਰਾ ਗੁਰਮੀਤ ਸਿੰਘ ਆਰੇਵਾਲਾ ਨੇ ਫਰੀਦਕੋਟ ਹਲਕੇ ਦੇ ਪਿੰਡ ਕੌਣੀ ਅਤੇ ਸੰਗਤਪੁਰਾ ਵਿੱਚ ਗੁਰਬਚਨ ਸਿੰਘ ਖੇਤੀਬਾੜੀ ਵਿਭਾਗ ਦੇ ਇੰਸਪੈਕਟਰ ਨਾਲ਼ ਹੜ ਪ੍ਰਭਾਵਿਤ ਪਿੰਡਾਂ ਦਾ ਸਰਵੇ ਦੌਰਾਨ ਕੀਤਾ। ਇਸ ਦੌਰਾਨ ਚੇਅਰਮੈਨ ਗੁਰਮੀਤ ਸਿੰਘ ਨੇ ਕਿਸਾਨ ਭਰਾਵਾਂ ਨਾਲ ਗੱਲਬਾਤ ਕਰਕੇ ਜਾਇਜ਼ਾ ਲਿਆ ਅਤੇ ਦੱਸਿਆ ਕਿ ਪਿੰਡ ਸੰਗਤਪੁਰਾ ਵਿੱਚ ਹਰਪ੍ਰੀਤ ਸਿੰਘ, ਸਾਧੂ ਸਿੰਘ, ਕੁੰਢਾ ਸਿੰਘ, ਅਜੀਤ ਸਿੰਘ, ਸੁਰਿੰਦਰ ਸਰਮਾ ਆਦਿ ਕਿਸਾਨਾ ਦੀ ਝੋਨੇ ਦੀ ਫਸਲ ਦਾ ਨੁਕਸਾਨ ਹੋਇਆ ਹੈ, ਜਦਕਿ ਸਿਕੰਦਰ ਸਿੰਘ ਦੀ ਤੂੜੀ ਅਤੇ ਟਰੈਕਟਰ ਸੈੱਡ ਡਿੱਗ ਪਿਆ। ਉਹਨਾਂ ਦੱਸਿਆ ਕਿ ਪਿੰਡ ਕੌਣੀ ਵਿੱਚ ਕੋਈ ਵੀ ਨੁਕਸਾਨ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੇ ਦੁੱਖ-ਦਰਦ 'ਚ ਸਾਂਝੀ ਹੈ ਅਤੇ ਹਰ ਹਾਲਤ 'ਚ ਲੋੜਵੰਦਾਂ ਨੂੰ ਰਾਹਤ ਪਹੁੰਚਾਈ ਜਾ ਰਹੀਂ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ ਕਿਸਾਨਾਂ ਦੀ ਲੱਖਾਂ ਏਕੜ ਫਸਲ ਦੇ ਨੁਕਸਾਨ ਦਾ ਮੁਆਵਜ਼ਾ ਮਿਲੇਗਾ, ਸਗੋਂ ਜਿਨ੍ਹਾਂ ਲੋਕਾਂ ਦੇ ਘਰਾਂ ਨੂੰ ਨੁਕਸਾਨ ਹੋਇਆ ਹੈ ਜਾਂ ਜਿਨ੍ਹਾਂ ਦਾ ਪਸ਼ੂ ਧਨ ਹੜ੍ਹ ਕਾਰਨ ਬਰਬਾਦ ਹੋਇਆ ਹੈ, ਉਨ੍ਹਾਂ ਨੂੰ ਵੀ ਪੂਰਾ ਹੱਕ ਦੇ ਅਧਾਰ 'ਤੇ ਮੁਆਵਜ਼ਾ ਪ੍ਰਦਾਨ ਕੀਤਾ ਜਾਵੇਗਾ। ਚੇਅਰਮੈਨ ਨੇ ਦੱਸਿਆ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਜਿੰਨਾ ਜਲਦੀ ਹੋ ਸਕੇ, ਮੁਆਵਜ਼ੇ ਦੀ ਰਕਮ ਹੜ੍ਹ ਪ੍ਰਭਾਵਿਤ ਲੋਕਾਂ ਦੇ ਖਾਤਿਆਂ 'ਚ ਪਹੁੰਚਾਈ ਜਾਵੇ। ਇਸ ਮੌਕੇ ਉਨ੍ਹਾਂ ਨਾਲ ਕਿਸਾਨ ਵਿੰਗ ਦੇ ਜਿਲਾ ਪ੍ਰਧਾਨ ਗੁਰਸੇਵਕ ਸਿੰਘ ਬੁੱਟਰ, ਜਸਪਾਲ ਸਿੰਘ ਬਾਬਾ ਜੀ, ਮਨਜੀਤ ਸ਼ਰਮਾ, ਪੰਮਾ ਸਿੰਘ, ਭਰਪੂਰ ਸਿੰਘ ਬਲਾਕ ਪ੍ਰਧਾਨ ਫਰੀਦਕੋਟ ਅਤੇ ਪਿੰਡਾਂ ਦੇ ਹੋਰ ਨੁਮਾਇੰਦੇ ਵੀ ਹਾਜ਼ਰ ਸਨ।

# ਪੁਆਧ ਦੀ ਸਿਰੜੀ, ਅਣਥੱਕ ਤੇ ਮਾਣਮੱਤੀ ਸ਼ਖ਼ਸੀਅਤ : ਮਨਮੋਹਨ ਸਿੰਘ ਦਾਊਂ




ਮਨਮੋਹਨ ਸਿੰਘ ਦਾਊਂ ਦਾ ਨਾਂ ਕਿਸੇ ਵੀ ਰਸਮੀ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਸਾਹਿਤ ਦੇ ਹੋਰ ਰੂਪਾਂ ਤੋਂ ਇਲਾਵਾ ਪੁਆਧ ਖੇਤਰ ਬਾਰੇ ਜਿੰਨੀ ਵਿਸਤ੍ਰਿਤ, ਬਰੀਕ ਤੇ ਬਹੁਮੁੱਲੀ ਜਾਣਕਾਰੀ ਦਾਊਂ ਨੂੰ ਹੈ, ਉਨੀ ਸ਼ਾਇਦ ਹੀ ਕਿਸੇ ਹੋਰ ਨੂੰ ਹੋਵੇ! ਅੱਜ ਪੁਆਧ ਤੇ ਦਾਊਂ ਇੱਕ-ਦੂਜੇ ਦੇ ਪਰਿਆਏ ਹੋ ਨਿੱਬੜੇ ਹਨ। ਚੁਰਾਸੀ ਵਰ੍ਹੇ ਪਹਿਲਾਂ 22 ਸਤੰਬਰ 1941 ਨੂੰ ਪਿਤਾ ਸਰੂਪ ਸਿੰਘ ਦੇ ਘਰ ਮਾਂ ਗੁਰਨਾਮ ਕੌਰ ਦੀ ਕੁੱਖੋਂ ਜਨਮੇ ਮਨਮੋਹਨ ਸਿੰਘ ਨੇ ਪੰਜਾਬੀ ਵਿਸ਼ੇ ਵਿੱਚ ਐਮਏ ਅਤੇ ਬੀਐੱਡ ਕਰਕੇ ਲੰਮਾ ਸਮਾਂ ਪੰਜਾਬੀ ਲੈਕਚਰਾਰ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਬਹੁਤਾ ਚਿਰ ਪਿੰਡ ਦਾਊਂ, ਤਹਿਸੀਲ ਖਰੜ, ਜ਼ਿਲਾ ਰੋਪੜ ਵਿਖੇ ਨਿਵਾਸ ਕੀਤਾ ਤੇ ਅੱਜਕੱਲ੍ਹ ਮੋਹਾਲੀ ਦੇ ਫ਼ੇਜ਼ 6 ਵਿੱਚ ਸੇਵਾਮੁਕਤੀ ਦਾ ਜੀਵਨ ਬਸਰ ਕਰ ਰਹੇ ਹਨ। ਸ਼੍ਰੀਮਤੀ ਦਲਜੀਤ ਕੌਰ ਦਾਊਂ, ਜੋ ਆਪ ਵੀ ਜਾਣੀ-ਪਛਾਣੀ ਲੇਖਕਾ ਹਨ, ਨਾਲ ਗ੍ਰਿਹਸਥ ਜੀਵਨ ਵਿੱਚ ਬੱਝੇ ਸ. ਦਾਊਂ ਦੇ ਦੋ ਬੱਚੇ ਹਨ – ਬੇਟੀ ਸੰਗੀਤ ਕੌਰ (1970) ਅਤੇ ਬੇਟਾ ਉੱਤਮਵੀਰ ਸਿੰਘ (1972)।

ਸਾਹਿਤ ਦੀ ਚੇਟਕ ਉਨ੍ਹਾਂ ਨੂੰ ਵਿਰਸੇ ਵਿੱਚੋਂ ਆਪਣੇ ਪਿਤਾ ਪਾਸੋਂ ਪ੍ਰਾਪਤ ਹੋਈ, ਜੋ ਇੱਕ ਸੁਲਝੇ ਹੋਏ ਅਧਿਆਪਕ ਸਨ। ਮਨਮੋਹਨ ਸਿੰਘ ਦਾਊਂ ਨੇ ਸਾਹਿਤ ਸਭਾ (ਰਜਿ) ਮੋਹਾਲੀ ਦੇ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਖਰੜ ਦੇ ਸਲਾਹਕਾਰ ਤੇ ਪ੍ਰਧਾਨ ਵਜੋਂ ਲੰਮੀ ਤੇ ਕੁਸ਼ਲ ਸੇਵਾ ਕੀਤੀ। ਸਰਕਾਰੀ ਸਕੂਲ ਦੀ ਸੇਵਾਮੁਕਤੀ ਤੋਂ ਪਿੱਛੋਂ ਵੀ ਉਹ ਨਿਸ਼ਕ੍ਰਿਅ ਹੋ ਕੇ ਨਹੀਂ ਬੈਠੇ ਤੇ ਅੱਜਕੱਲ੍ਹ ਪੁਆਧੀ ਪੰਜਾਬੀ ਸੱਥ ਦੇ ਬਤੌਰ ਪ੍ਰਮੁੱਖ ਸੇਵਾਦਾਰ ਕਾਰਜ ਕਰ ਰਹੇ ਹਨ।

ਬਾਲ ਸਾਹਿਤ ਉਨ੍ਹਾਂ ਦਾ ਮਨਭਾਉਂਦਾ ਵਿਸ਼ਾ ਹੈ, ਜਿਸ ਵਿੱਚ ਉਨ੍ਹਾਂ ਨੇ ਢੇਰ ਸਾਰਾ ਸਾਹਿਤ ਸਿਰਜਿਆ ਹੈ। ਚਾਚਾ ਨਹਿਰੂ (ਜੀਵਨੀ, 1989), ਪੰਛੀਆਂ ਦੇ ਗੀਤ (ਕਵਿਤਾਵਾਂ, 1989), ਫੁੱਲਾਂ ਦੀ ਟੋਕਰੀ (ਗੀਤ, 1990), ਰੁੱਖਾਂ ਦਾ ਖਜ਼ਾਨਾ (ਕਵਿਤਾਵਾਂ, 1993), ਫੁੱਲਾਂ ਦਾ ਪੰਘੂੜਾ (ਗੀਤ ਤੇ ਕਵਿਤਾਵਾਂ, 1993), ਧਰਤੀ ਦੇ ਰੰਗ (ਕਵਿਤਾਵਾਂ, 1996), ਸ਼ੁੱਧ ਹਵਾ ਦੀ ਲੋੜ (1996), ਚਾਨਣ ਦੀ ਟਹਿਣੀ (ਕਵਿਤਾਵਾਂ, 1996), ਪੀਂਘ ਹੁਲਾਰੇ (ਨਰਸਰੀ ਗੀਤ, 1997), ਆਜ਼ਾਦੀ ਦੀ ਵਾਰ (1997), ਸਬਰ ਦਾ ਫਲ ਮਿੱਠਾ (ਕਹਾਣੀਆਂ, 1998) ਉਨ੍ਹਾਂ ਦੀਆਂ ਬਾਲ ਸਾਹਿਤ ਨਾਲ ਸੰਬੰਧਿਤ ਪੁਸਤਕਾਂ ਹਨ। ਉਨ੍ਹਾਂ ਦੇ ਬਚਪਨ ਦੀਆਂ ਯਾਦਾਂ ਨੂੰ ਬਾਲ ਝਰੋਖਾ (1994) ਵਿੱਚ ਵੇਖਿਆ ਜਾ ਸਕਦਾ ਹੈ। ਦਾਊਂ ਦੇ ਨਿਬੰਧ ਸੰਗ੍ਰਹਿ ਸਭਿਆਚਾਰਕ ਮੁਹਾਂਦਰਾ (1981) ਨੂੰ ਪੰ ਸ ਸਿ ਬੋਰਡ ਵੱਲੋਂ ਰਾਜ ਪੱਧਰ ਦਾ ਪੁਰਸਕਾਰ (1981-82) ਪ੍ਰਾਪਤ ਹੋਇਆ। ਉਨ੍ਹਾਂ ਦੀ ਬਾਲ-ਸਾਹਿਤ ਸਿਰਜਣਾ ਨੂੰ ਅਲੰਕ੍ਰਿਤ ਕਰਦਿਆਂ ਭਾਰਤੀ ਸਾਹਿਤ ਅਕਾਦਮੀ ਦਿੱਲੀ ਨੇ ਬਾਲ ਸਾਹਿਤ ਪੁਰਸਕਾਰ (2011) ਅਤੇ ਭਾਸ਼ਾ ਵਿਭਾਗ ਪੰਜਾਬ ਨੇ ਬਾਲ ਸਾਹਿਤ ਲੇਖਕ ਵਜੋਂ ਮਾਨਤਾ ਦਿੱਤੀ ਹੈ।

ਮੁੱਖ ਤੌਰ ਤੇ ਦਾਊਂ ਦੇ ਅੰਦਰ ਕਵੀ-ਹਿਰਦਾ ਧੜਕਦਾ ਹੈ। ਉਨ੍ਹਾਂ ਵੱਲੋਂ ਰਚੀਆਂ ਕਿਤਾਬਾਂ ਦੇ ਨਾਵਾਂ ਤੋਂ ਪਤਾ ਲੱਗਦਾ ਹੈ ਕਿ ਉਹਦੇ ਜ਼ਿਹਨ 'ਚ ਕਿਤੇ ਨਾ ਕਿਤੇ ਪ੍ਰਕਿਰਤੀ ਮੌਜੂਦ ਹੈ। ਉਨ੍ਹਾਂ ਦੀਆਂ ਵਧੇਰੇ ਕਵਿਤਾਵਾਂ ਪ੍ਰਾਕਿਰਤਕ ਜੀਵਨ ਦੇ ਆਲੇ-ਦੁਆਲੇ ਨਾਲ ਵਾਬਸਤਾ ਹਨ। ਗੀਤਾਂ ਦੇ ਘੁੰਗਰੂ, ਬੋਲਾਂ ਦੇ ਖੰਭ, ਅਗੰਮ ਅਗੋਚਰ, ਸ਼ਾਇਰੀ ਦਾ ਸਰਵਰ, ਸ਼ਾਇਰੀ ਸਾਗਰ, ਉਦਾਸੀਆਂ ਦਾ ਬੂਹਾ: ਸੁਲੱਖਣੀ, ਪੰਛੀ ਬਿਰਖ ਸੁਹਾਵੜਾ, ਤਿੱਪ ਤੇ ਕਾਇਨਾਤ, ਚਾਨਣ ਦੀ ਪੈੜ, ਸਮਿਆਂ ਦੇ ਨਾਇਕ, ਧਰਤੀ ਦੀ ਕੰਬਣੀ ਆਦਿ ਉਨ੍ਹਾਂ ਦੇ ਕਰੀਬ 16 ਮੌਲਿਕ ਕਾਵਿ ਸੰਗ੍ਰਹਿ ਹਨ। ਇਨ੍ਹਾਂ ਵਿੱਚ ਸ਼ਾਇਰੀ ਸਾਗਰ ਅਤੇ ਪੰਖੀ ਬਿਰਖ ਸੁਹਾਵੜਾ ਇਨਾਮੀ ਪੁਸਤਕਾਂ ਹਨ। ਦਾਊਂ ਨੇ ਵਿਸ਼ਵ ਸਾਹਿਤ ਦੇ ਨਾਲ ਨਾਲ ਪੰਜਾਬੀ ਸਾਹਿਤ, ਖਾਸ ਤੌਰ ਤੇ ਦੇਸ਼-ਵਿਦੇਸ਼ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਦਾ ਡੂੰਘਾ ਅਧਿਐਨ ਕੀਤਾ ਹੈ ਤੇ ਉਹਨੂੰ ਪਤਾ ਹੈ ਕਿ ਕਵਿਤਾ ਮਹਿਜ਼ ਸ਼ਬਦਾਂ/ਅੱਖਰਾਂ ਦਾ ਚਮਤਕਾਰ ਮਾਤ੍ਰ ਹੀ ਨਹੀਂ ਹੈ, ਇਸ 'ਚੋਂ ਵਕ੍ਰੋਕਤੀ ਤੇ ਵਿਸ਼ਿਸ਼ਟਤਾ ਵੀ ਪ੍ਰਗਟ ਹੋਣੀ ਚਾਹੀਦੀ ਹੈ। ਇਸ ਪੱਖੋਂ ਉਹਦੀਆਂ ਇਹ ਕਵਿਤਾਵਾਂ ਵੇਖੀਆਂ ਜਾ ਸਕਦੀਆਂ ਹਨ :

ਬਾਥਰੂਮ 'ਚ ਨਹਾਉਣ ਵੇਲੇ
ਮੈਂ ਅਤੇ ਤੌਲੀਆ
ਇੱਕ-ਮਿੱਕ ਹੋ ਜਾਂਦੇ ਹਾਂ
ਆ ਆਪਾਂ ਵੀ
ਇੰਜ ਹੀ ਮਿਲੀਏ
ਦੂਰੀ ਰਹੇ ਨਾ ਵਿਚਕਾਰ
ਧੁੱਪੇ ਸੁੱਕਦੇ ਤੌਲੀਏ ਨੂੰ
ਉਹ ਨੀਝ ਲਾ ਤੱਕਣ ਲੱਗਦੀ ਹੈ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

"ਕਿੰਨੇ ਠੰਡੇ ਹੱਥ ਨੇ"
ਉਹ ਬੋਲੀ।
"ਦਿਲ ਤਾਂ ਥਰਮਸ 'ਚ ਪਾਏ
ਦੁੱਧ ਵਾਂਗ ਗਰਮ ਐ!"

ਦਾਊਂ ਦੀਆਂ ਕਵਿਤਾਵਾਂ ਵਿੱਚ ਕੋਮਲ ਅਹਿਸਾਸ ਹਨ, ਸਹਿਜ, ਸੁਹਜ, ਸੁਖ਼ਨ ਤੇ ਸੰਬਲ ਦਾ ਓਰਾ ਹੈ; ਚਿੰਤਾ ਦੀ ਥਾਂ ਚਿੰਤਨ ਹੈ; ਕੁਦਰਤ ਨੂੰ ਗਲਵੱਕੜੀ ਹੈ; ਵਿਰਸੇ ਦੀਆਂ ਮੋਹ-ਭਿੱਜੀਆਂ ਯਾਦਾਂ ਹਨ। ਮੌਜੂਦਾ ਹੜ੍ਹਾਂ ਦੀ ਸਥਿਤੀ ਬਾਰੇ ਉਹਦੀਆਂ ਲਿਖੀਆਂ ਇਹ ਪੰਕਤੀਆਂ ਕਿੰਨਾ ਢਾਰਸ ਦਿੰਦੀਆਂ ਹਨ :

ਕਿਉਂ ਢਾਹੀਏ ਢੇਰੀਆਂ
ਜੋ ਹੋ ਗਿਆ ਸੋ ਹੋ ਗਿਆ
ਉੱਜਲੇ ਸਵੇਰਿਆਂ ਦੀ ਉਮੀਦ
ਮਰ ਸਕਦੀ ਨਹੀਂ
ਅਸੀਂ ਗੁਰੂ ਦੇ ਸਿੱਖ ਹਾਂ
ਸਮਿਆਂ ਨੂੰ ਟੱਕਰਨਾ ਜਾਣਦੇ!

ਕਿਸੇ ਵੀ ਭੂ-ਖੰਡ ਤੇ
ਆਫ਼ਤ ਆ ਜਾਵੇ ਜਦੋਂ
ਕੁਰਲਾ ਰਹੇ ਹੋਣ ਲੋਕੀਂ
ਭੁੱਖੇ-ਨੰਗੇ, ਠੁਰ-ਠੁਰ ਕਰਦੇ
ਉਦੋਂ ਬਹੁੜਦਾ ਲੰਗਰ ਦੀ ਸੇਵਾ ਕਰਦਾ
ਲੋੜਵੰਦਾਂ ਦਾ ਬਣ ਕੇ ਮਸੀਹਾ, ਪੰਜਾਬ!

ਪੁਆਧ, ਪੁਆਧੀ ਭਾਸ਼ਾ, ਪੁਆਧੀ ਸਭਿਆਚਾਰ, ਪੁਆਧੀ ਇਤਿਹਾਸ ਨਾਲ ਉਹ ਪਿਛਲੇ 21 ਸਾਲਾਂ ਤੋਂ ਜੁੜੇ ਹੋਏ ਹਨ। ਇਸ ਖੇਤਰ ਨਾਲ ਸੰਬੰਧਿਤ ਉਨ੍ਹਾਂ ਦੀਆਂ ਇੱਕ ਦਰਜਨ ਤੋਂ ਵੱਧ ਪੁਸਤਕਾਂ ਹਨ – ਪੁਆਧ ਦਰਪਣ (ਪਰਾਗਾ ਪਹਿਲਾ, 2006), ਧਰਤ ਪੁਆਧ (ਪਰਾਗਾ ਦੂਜਾ, 2006), ਪੁਆਧ ਕੀਆਂ ਝਲਕਾਂ (ਪਰਾਗਾ ਤੀਜਾ, 2021), ਆਦਿ ਜੁਗਾਦਿ ਪੁਆਧ (ਪਰਾਗਾ ਚੌਥਾ, 2022), ਪੰਜਾਬ ਦਾ ਗੌਰਵ ਪੁਆਧ (ਪਰਾਗਾ ਪੰਜਵਾਂ, 2023), ਪੁਆਧ : ਖ਼ਾਲਸਾ ਪੰਥ ਦੀ ਜਨਮਭੂਮੀ (ਪਰਾਗਾ ਛੇਵਾਂ, 2025), ਪੁਆਧ ਦੇ ਜੰਮੇ ਜਾਏ (ਐਨਬੀਟੀ ਇੰਡੀਆ, 2020), ਚੰਡੀਗੜ੍ਹ ਲੋਪ ਕੀਤੇ ਪਿੰਡ (2016), ਪੁਆਧ ਤੇ ਪੁਆਧ ਦੇ ਲੇਖਕਾਂ ਤੇ ਖੋਜ ਕਾਰਜ: ਸੰਦਰਭ ਕੋਸ਼ (2020)। ਇਨ੍ਹਾਂ ਵਿੱਚ ਧਰਤ ਪੁਆਧ ਅਤੇ ਚੰਡੀਗੜ੍ਹ ਲੋਪ ਕੀਤੇ ਪਿੰਡ ਇਨਾਮੀ ਪੁਸਤਕਾਂ ਹਨ। ਚੰਡੀਗੜ੍ਹ ਲੋਪ ਕੀਤੇ ਪਿੰਡ ਦਾ ਅੰਗਰੇਜ਼ੀ ਅਤੇ ਹਿੰਦੀ ਅਨੁਵਾਦ ਕ੍ਰਮਵਾਰ ਡਾ ਬੀਐੱਸ ਸੇਖੋਂ (2023) ਅਤੇ ਸ਼੍ਰੀ ਜਗਪਾਲ (2024) ਵੱਲੋਂ ਕੀਤਾ ਜਾ ਚੁੱਕਾ ਹੈ। ਮੇਰਾ ਪੁਆਧ (ਲੇਖਕ ਸ.ਸ. ਕਿਸ਼ਨਪੁਰੀ), ਕਥਾ ਪੁਰਾਤਨ ਪੁਆਧ ਕੀ (ਲੇਖਕ ਗਿ. ਧਰਮ ਸਿੰਘ ਭੰਖਰਪੁਰ), ਪੁਆਧ ਤੇ ਪੁਆਧੀ ਭਾਸ਼ਾ: ਤਥਾਗਤ ਅਧਿਐਨ (ਡਾ. ਮੁਖਤਿਆਰ ਸਿੰਘ ਨਾਲ ਮਿਲ ਕੇ), ਨਵਤੇਜ ਪੁਆਧੀ ਦੀਆਂ ਕੁੱਲ ਕਹਾਣੀਆਂ, ਕਹਾਣੀਕਾਰ ਨਵਤੇਜ ਪੁਆਧੀ : ਜੀਵਨ ਤੇ ਰਚਨਾ ਆਦਿ ਉਨ੍ਹਾਂ ਦੀਆਂ ਕੁਝ ਸੰਪਾਦਿਤ ਪੁਸਤਕਾਂ ਹਨ।

ਉਨ੍ਹਾਂ ਦੀ ਵਾਰਤਕ ਵਿੱਚ ਕਾਵਿਕਤਾ ਨਜ਼ਰ ਆਉਂਦੀ ਹੈ। ਸਿੱਖ ਸ਼ਖ਼ਸੀਅਤਾਂ ਨੂੰ ਚਿੱਤਰਦਿਆਂ ਉਨ੍ਹਾਂ ਦੀ ਵਾਰਤਕ ਵਿਚਲਾ ਲਰਜ਼ਾ ਪਾਠਕਾਂ ਨੂੰ ਆਪਣੇ ਨਾਲ ਕੀਲ ਲੈਂਦਾ ਹੈ। ਇਸ ਪ੍ਰਸੰਗ ਵਿੱਚ ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਦ੍ਰਿਸ਼ ਚਿੱਤਰਣ ਬਾਕਮਾਲ ਹੈ :

ਸ਼ਿਵਾਲਿਕ ਦੀਆਂ ਪਹਾੜੀਆਂ ਦੀ ਪੂਰਬੀ ਗੁੱਠ ਤੋਂ ਅੱਜ ਵੀ ਸੂਰਜ ਉਦੈ ਹੋਇਆ। ਸਾਵਣ ਦਾ ਮਹੀਨਾ ਚੁਫ਼ੇਰੇ ਹਰਿਆਵਲ ਵੰਡ ਰਿਹਾ ਸੀ। ਬਿਰਖਾਂ ਤੇ ਬਾਰਿਸ਼ ਕਾਰਨ ਗਰਦ-ਗੁਬਾਰ ਧੁਲ ਚੁੱਕੀ ਸੀ। ਇੱਕ ਗਰਦ-ਗੁਬਾਰ ਨੂਰੀ ਸੂਰਜ ਨੇ ਧੋਅ ਦੇਣੀ ਸੀ। ਪਹਾੜੀਆਂ ਖਾਮੋਸ਼ ਸਨ। ਬਿਰਖ ਵੀ ਸਵੇਰੇ ਸਵੇਰੇ ਅਡੋਲ ਜਾਪ ਰਹੇ ਸਨ। ਪੰਛੀ ਵੀ ਆਪਣੀ ਉਡਾਣ ਦੀ ਉਡੀਕ ਵਿੱਚ ਸਨ। ਚਾਰੇ ਪਾਸੇ ਵਿਸਮਾਦੀ ਰੰਗ ਦਾ ਪਹਿਰਾ ਸੀ।

ਅਜਿਹੇ ਕਹਿਰ ਦੇ ਪਹਿਰ ਅਕਾਲ ਪੁਰਖ ਨੂੰ ਸ਼ਿਕਵਾ ਕਰਨ ਦੀ ਥਾਂ ਸ਼ੁਕਰਾਨੇ ਦੇ ਬੋਲ ਜੰਗਲ ਦੀਆਂ ਪੌਣਾਂ 'ਚ ਖਿੰਡ ਜਾਂਦੇ ਹਨ। ਸੋਚਦਾ ਹਾਂ ਕਿ ਮਾਛੀਵਾੜੇ ਤੋਂ ਖਿਦਰਾਣੇ ਦੀ ਢਾਬ ਤੋਂ ਅਗਾਂਹ ਨੰਦੇੜ ਸਾਹਿਬ ਨੂੰ ਵਰੋਸਾਂਦੇ ਹੋਏ ਗੁਰੂ ਜੀ ਦਾ ਪੰਧ ਅਜੇ ਆਰੰਭ ਹੋਣਾ ਸੀ। ਕ੍ਰਿਸ਼ਮੇ ਹੋਣੇ ਸਨ। ਨਾਨਕ ਜੋਤ ਤੋਂ ਦਸਮ ਜੋਤ ਦੇ ਪੰਥ ਸੁਹੇਲੇ ਨੇ ਸੰਪੂਰਨਤਾ ਦਾ ਰੂਪ ਧਾਰ ਕੇ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਕੇ ਨਦਰੀ ਪੈਂਡਿਆਂ 'ਚ ਸਮੋ ਜਾਣਾ ਸੀ।


ਉਨ੍ਹਾਂ ਦੀਆਂ ਵਾਰਤਕ ਪੁਸਤਕਾਂ ਵਿੱਚ ਨਿਰਾਲੀ ਚਮਕ, ਨੂਰੀ ਦਰ ਦਾ ਰਹੱਸ, ਸੱਤ ਸਾਦਿਕ, ਚੋਣਵੀਂ ਪੰਜਾਬੀ ਨਿਬੰਧਾਵਲੀ (ਸੰਪਾ) ਆਦਿ ਦੇ ਨਾਂ ਸ਼ਾਮਲ ਹਨ। ਸਹਿਜ ਤੋਰ ਤੁਰਦੀ ਉਨ੍ਹਾਂ ਦੀ ਵਾਰਤਕ 'ਚੋਂ ਕੁਝ ਪੰਕਤੀਆਂ ਉਧ੍ਰਿਤ-ਯੋਗ ਹਨ। ਜਿਵੇਂ :

ਜੀਵਨ ਵਿਸ਼ਾਲ ਗਿਆਨ ਦਾ ਭੰਡਾਰ ਹੈ। ਕਿਸੇ ਵੀ ਕਾਰਜ ਨੂੰ ਪ੍ਰਯੋਗੀ ਰੂਪ ਦੇਣ ਲਈ ਇੱਕ ਤੋਂ ਵੱਧ ਤਰੀਕੇ ਹੋ ਸਕਦੇ ਹਨ। ਕਈਆਂ ਕੋਲ ਮੁੱਲਵਾਨ ਵਿਚਾਰ ਹੁੰਦੇ ਹਨ। ਉਨ੍ਹਾਂ ਦਾ ਸਦਉਪਯੋਗ ਕਰਨਾ ਹੀ ਕੋਈ ਪ੍ਰਾਪਤੀ ਹੋ ਸਕਦੀ ਹੈ। ਹਰ ਮਨੁੱਖ ਦਾ ਵੱਖਰਾ ਸੰਸਾਰ ਹੈ। ਕੁਝ ਨਾ ਕੁਝ ਯੋਗਦਾਨ ਪਾਉਣ ਲਈ ਮਨੁੱਖ ਨੂੰ ਕਾਰਜਸ਼ੀਲ ਰਹਿਣਾ ਚਾਹੀਦਾ ਹੈ। ਜ਼ਿੰਦਗੀ ਦਾ ਮਨੋਰਥ ਵੀ ਇਹੋ ਹੈ।
(ਚੋਣਵੇਂ ਪੰਜਾਬੀ ਨਿਬੰਧਾਵਲੀ)

ਫੁੱਲ ਸੁੰਦਰਤਾ, ਖੇੜਾ ਤੇ ਮਹਿਕ ਦੇ ਪ੍ਰਤੀਕ ਹਨ। ਪ੍ਰਕਿਰਤੀ ਦੀ ਹੋਂਦ ਦੀ ਗੁਆਹੀ ਭਰਨ ਵਿੱਚ ਫੁੱਲ ਸੁੱਚਮਤਾ ਦਾ ਬਿੰਬ ਹੈ। ਧਰਮ ਅਸਥਾਨਾਂ ਤੇ ਇਸੇ ਕਰਕੇ ਫੁੱਲ ਚੜ੍ਹਾਏ ਜਾਂਦੇ ਹਨ। ਫੁੱਲਾਂ ਵਾਂਗ ਖਿੜਨਾ ਕੌਣ ਨਹੀਂ ਚਾਹੁੰਦਾ ਤੇ ਬੱਚੇ ਕਿਸਨੂੰ ਪਿਆਰੇ ਨਹੀਂ। ਬੱਚਾ ਮੈਨੂੰ ਇਸਲਈ ਪਿਆਰਾ ਨਹੀਂ ਕਿ ਉਹ ਸੁਹਣਾ ਹੈ, ਸਗੋਂ ਇਸਲਈ ਕਿ ਉਹ ਬੱਚਾ ਹੈ। ਕਾਦਰ ਦੇ ਨੂਰ ਦੀ ਮਾਸੂਮ, ਨਿਰਛਲ ਤੇ ਨਿਰਮਲ ਆਕ੍ਰਿਤੀ। ਇਸੇ ਕਰਕੇ ਮਨੁੱਖ ਨੂੰ ਆਪਣਾ ਬਚਪਨ ਚੇਤੇ ਕਰਨਾ ਚੰਗਾ ਚੰਗਾ ਲੱਗਦਾ ਹੈ।
(ਫੁੱਲਾਂ ਦੀ ਲੀਲ੍ਹਾ)

ਉਹ ਮੇਰੇ ਤੋਂ ਠੀਕ 16 ਸਾਲ 16 ਦਿਨ ਵੱਡੇ ਹਨ। ਪਰ ਮੇਰੇ ਪ੍ਰਤੀ ਉਨ੍ਹਾਂ ਦਾ ਸਨੇਹ, ਮੁਹੱਬਤ ਤੇ ਮੋਹ ਇਸ ਤਰ੍ਹਾਂ ਹੈ, ਜਿਵੇਂ ਅਸੀਂ ਹਾਣੀ ਹੋਈਏ! ਅਜਿਹਾ ਵਰਤਾਰਾ ਸਿਰਫ਼ ਮੇਰੇ ਨਾਲ ਹੀ ਨਹੀਂ, ਹਰ ਉਸ ਸ਼ਖ਼ਸ ਨਾਲ ਵਾਪਰਦਾ ਹੈ, ਜੋ ਇੱਕ ਵਾਰ ਉਨ੍ਹਾਂ ਦੇ ਸੰਪਰਕ ਵਿੱਚ ਆ ਜਾਂਦਾ ਹੈ। ਨਿਮਰਤਾ, ਨਿੱਘ, ਨਿਰਉਚੇਚਤਾ, ਹਲੀਮੀ, ਸ਼ਾਇਸਤਗੀ, ਕੋਮਲਤਾ ਵਰਗੇ ਸੂਖ਼ਮ ਅਹਿਸਾਸਾਂ ਨੂੰ ਉਨ੍ਹਾਂ ਨੇ ਆਪਣੇ ਹਿਰਦੇ ਵਿੱਚ ਚਿਰ-ਸਥਾਈ ਵਸਾਇਆ ਹੋਇਆ ਹੈ। ਹਰੇਕ ਦੇ ਕੰਮ ਆਉਣਾ, ਸਾਰਥਕਤਾ ਦਾ ਪੱਲਾ ਘੁੱਟ ਕੇ ਫੜੀ ਰੱਖਣਾ, ਹੌਸਲਾ ਦੇਣਾ ਉਨ੍ਹਾਂ ਦੇ ਤਲਿੱਸਮੀ ਤਸੱਵੁਰ ਹਨ! ਸ਼ਾਲਾ, ਉਨ੍ਹਾਂ ਦੀ ਉਮਰ ਦਰਾਜ਼ ਹੋਵੇ! ਤੇ ਉਹ ਅਜ਼ਲਾਂ ਤੀਕ ਲੋਕਾਈ ਦੀ ਜ਼ਿੰਦਗੀ 'ਚ ਖ਼ੁਸ਼ਬੋਈਆਂ ਖਿਲੇਰਦੇ ਰਹਿਣ! ਆਮੀਨ!!

# ਬਲਰਾਜ ਧਾਲੀਵਾਲ ਦਾ ਗ਼ਜ਼ਲ ਸੰਗ੍ਰਹਿ 'ਹਸਤੀ ਵਿਚਲਾ ਚੀਰ' ਮਨੁੱਖਤਾ ਦੀ ਚੀਸ ਦਾ ਪ੍ਰਤੀਕ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਬਲਰਾਜ ਧਾਲੀਵਾਲ ਸੰਵੇਦਨਸ਼ੀਲ ਤੇ ਸੰਜੀਦਾ ਗ਼ਜ਼ਲਗੋ ਹੈ। 'ਹਸਤੀ ਵਿਚਲਾ ਚੀਰ' ਉਸਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦਾ 'ਦਿਲ ਕਹੇ' ਗ਼ਜ਼ਲ ਸੰਗ੍ਰਹਿ 2017 ਵਿੱਚ ਪ੍ਰਕਾਸ਼ਤ ਹੋ ਚੁੱਕਾ ਹੈ। ਬਲਰਾਜ ਧਾਲੀਵਾਲ ਮਾਤਰਾ ਨਾਲੋਂ ਮਿਆਰ ਵਿੱਚ ਵਿਸ਼ਵਾਸ਼ ਰੱਖਦਾ ਹੈ। ਇਸ ਲਈ ਇਹ 'ਹਸਤੀ ਵਿਚਲਾ ਚੀਰ' ਉਸਦੀਆਂ ਪਿਛਲੇ ਅੱਠ ਸਾਲ ਵਿੱਚ ਲਿਖੀਆਂ ਗ਼ਜ਼ਲਾਂ ਦਾ ਸੰਗ੍ਰਹਿ ਹੈ। ਇਸ ਗ਼ਜ਼ਲ ਸੰਗ੍ਰਹਿ ਵਿੱਚ 66 ਗ਼ਜ਼ਲਾਂ ਸ਼ਾਮਲ ਹਨ। ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਇਨਸਾਨੀ ਮਾਨਸਿਕਤਾ ਦਾ ਬਹੁ-ਪਰਤੀ ਵਿਸ਼ਲੇਸ਼ਣ ਕਰਦੀਆਂ ਹਨ। ਗ਼ਜ਼ਲਗੋ ਸਮਾਜਿਕ ਤਾਣੇ-ਬਾਣੇ ਵਿੱਚ ਵਿਚਰਦਿਆਂ ਜੋ ਪ੍ਰਸਥਿਤੀਆਂ ਅਤੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਮਹਿਸੂਸ ਕਰਦਾ ਹੈ, ਇਨ੍ਹਾਂ ਗ਼ਜ਼ਲਾਂ ਵਿੱਚ ਉਨ੍ਹਾਂ ਦਾ ਪ੍ਰਤੀਕ੍ਰਮ ਲਿਖਦਾ ਹੈ। ਜੇ ਇੰਝ ਕਹਿ ਲਈਏ ਕਿ ਉਹ ਮਨੁੱਖਤਾ ਦੀਆਂ ਸਰੀਰਕ ਅਤੇ ਮਾਨਸਕ ਭਾਵਨਾਵਾਂ ਦੀ ਤਸਵੀਰ ਖਿੱਚ ਦਿੰਦਾ ਹੈ ਤਾਂ ਇਸ ਵਿੱਚ ਵੀ ਭੋਰਾ ਝੂਠ ਨਹੀਂ ਹੈ। ਸ਼ਾਇਰ ਦੀ ਇੱਕ-ਇੱਕ ਗ਼ਜ਼ਲ ਵਿੱਚ ਅਨੇਕ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਗ਼ਜ਼ਲਗੋ ਨੇ ਆਪਣੀਆਂ ਗ਼ਜ਼ਲਾਂ ਵਿੱਚ ਇਨਸਾਨੀਅਤ ਨੂੰ ਝੰਜੋੜਨ ਲਈ ਬਹੁਤ ਹੀ ਗੁੱਝੇ ਤੀਰ ਮਾਰੇ ਹਨ, ਜਿਹੜੇ ਸਮਝਦਾਰ ਇਨਸਾਨ ਨੂੰ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਲਈ ਮਜ਼ਬੂਰ ਕਰਦੇ ਹਨ। ਇਹ ਗ਼ਜ਼ਲ ਸੰਗ੍ਰਹਿ ਪਾਠਕ ਦੇ ਮਨ ਦੀਆਂ ਮਾਨਸਿਕ ਤਰੰਗਾਂ ਨੂੰ ਉਧੇੜਨ ਤੇ ਨਿਖੇੜਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। ਇਨ੍ਹਾਂ ਗ਼ਜ਼ਲਾਂ ਵਿੱਚ ਸਿਰਫ਼ ਸ਼ਬਦਾਂ ਦੀ ਜਾਦੂਗਰੀ ਹੀ ਨਹੀਂ, ਸਗੋਂ ਇਨਸਾਨ ਦੀ ਮਾਨਸਿਕਤਾ ਨੂੰ ਦੁਬਿਧਾ ਵਿੱਚੋਂ ਬਾਹਰ ਕੱਢਣ ਦੀ ਕਲਾ ਵੀ ਸੰਮਿਲਤ ਹੈ। ਇਨਸਾਨੀਅਤ ਦੇ ਕਦਰਦਾਨਾ ਲਈ ਇਹ ਗ਼ਜ਼ਲ ਸੰਗ੍ਰਹਿ ਇੱਕ ਤੋਹਫ਼ਾ ਹੈ, ਪ੍ਰੰਤੂ ਪਾਠਕ ਨੂੰ ਇਸਦੀ ਚੀਸ ਨੂੰ ਮਹਿਸੂਸ ਕਰਨ ਦੀ ਪਹਿਲ ਕਰਨੀ ਹੋਵੇਗੀ। ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਤੋਂ ਪਤਾ ਚਲਦਾ ਹੈ ਕਿ ਮਨੁੱਖੀ ਮਨ ਬੜਾ ਚੰਚਲ ਹੈ, ਕਿਉਂਕਿ ਉਹ ਜੋ ਕੁੱਝ ਵੇਖਦਾ-ਸੁਣਾ ਹੈ, ਉਸਦੇ ਕਈ ਪੱਖਾਂ ਦੇ ਵਿਸਤਰਿਤ ਵਿਕਲਪਾਂ ਨੂੰ ਸ਼ਬਦਾਂ ਦੇ ਚਿਤਰਪਟ ਰਾਹੀਂ ਬਾਰੀਕੀ ਨਾਲ ਕਾਗ਼ਜ਼ ਦੀ ਕੈਨਵਸ 'ਤੇ ਸ਼ਿੰਗਾਰ ਦਿੰਦਾ ਹੈ। ਇੱਥੋਂ ਤੱਕ ਕਿ ਸੁਪਨਿਆਂ ਦੇ ਸੰਸਾਰ ਦੀ ਸਿਰਜਣਾ ਦਾ ਰੇਖਾ ਚਿਤਰ ਵੀ ਖਿੱਚ ਦਿੰਦਾ ਹੈ। ਉਸਦੀ ਸ਼ਬਦਾਵਲੀ ਜਿਉਂਦੇ ਜਾਗਦੇ ਜਜ਼ਬਾਤਾਂ ਦੀਆਂ ਬਾਤਾਂ ਪਾਉਂਦੀ ਹੋਈ ਸਿੰਬਾਲਿਕ ਢੰਗ ਦ੍ਰਿਸ਼ਟਾਂਤਿਕ ਤੌਰ 'ਤੇ ਪ੍ਰਗਟਾਉਂਦੀ ਹੈ, ਜਿਸਦਾ ਪਾਠਕ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਉਸਦੀਆਂ ਭਾਵਨਾਵਾਂ ਇੱਕ ਲੜੀ ਵਿੱਚ ਪ੍ਰੋਕੇ ਲੋਕਾਈ ਦੇ ਦਰਦ ਵਿੱਚ ਬਦਲ ਦਿੱਤਾ ਗਿਆ ਹੈ। ਬਲਰਾਜ ਧਾਲੀਵਾਲ ਦੀ ਪਹਿਲੀ ਗ਼ਜ਼ਲ 'ਐ ਜ਼ਿੰਦਗੀ ਤੂੰ ਦੇਖ ਲੈ' ਸਮੁੱਚੀ ਲੋਕਾਈ ਦੇ ਮਨ ਮਸਤਕ ਵਿੱਚ ਉਠ ਰਹੇ ਸਵਾਲ-ਜਵਾਬ ਰਾਹੀਂ ਜ਼ਿੰਦਗੀ ਵਿੱਚ ਵਾਪਰਨ ਵਾਲੇ ਉਤਰਾਅ ਚੜ੍ਹਾਅ ਨੂੰ ਪ੍ਰਗਟਾ ਰਹੀ ਹੈ। ਲੋਕਾਈ ਗ਼ਜ਼ਲ ਨੂੰ ਇਸ਼ਕ-ਮੁਸ਼ਕ ਦਾ ਜੰਜਾਲ ਸਮਝਦਾ ਹੋਇਆ, ਇਸਨੂੰ ਰੁਮਾਂਸਵਾਦ ਦਾ ਨਾਮ ਦਿੰਦੀ ਹੈ, ਪ੍ਰੰਤੂ ਗ਼ਜ਼ਲ ਵਿਚਲੇ ਸ਼ਿਅਰਾਂ ਦੇ ਅਰਥ ਹਮੇਸ਼ਾ ਦੋਹਰੇ ਹੁੰਦੇ ਹਨ। ਉਨ੍ਹਾਂ ਨੂੰ ਸਮਝਣ ਲਈ ਦਿਲ ਤੇ ਦਿਮਾਗ ਦੋਹਾਂ ਤੋਂ ਕੰਮ ਲੈਣਾ ਪੈਂਦਾ ਹੈ। ਬਿਲਕੁਲ ਇਸੇ ਤਰ੍ਹਾਂ ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਵਿੱਚ ਰੁਮਾਂਸਵਾਦ ਅਤੇ ਸਮਾਜਿਕ ਸਰੋਕਾਰਾਂ ਦੇ ਰੰਗ ਵੇਖਣ ਨੂੰ ਮਿਲਦੇ ਹਨ। ਕਈ ਵਾਰ ਲੇਖਕ ਸਹਿਜ ਸੁਭਾਅ ਹੀ ਲਿਖ ਦਿੰਦਾ ਹੈ, ਪ੍ਰੰਤੂ ਉਸ ਦੇ ਅਰਥ ਪਾਠਕਾਂ ਨੂੰ ਪਤਾ ਲੱਗਦੇ ਹਨ, ਜਿਵੇਂ ਪਹਿਲੀ ਗ਼ਜ਼ਲ ਵਿੱਚ ਇੱਕ ਸ਼ਿਅਰ ਹੈ:

'ਗੱਲ ਯਾਦ ਕਰ ਇੱਕ ਦਿਨ ਸੀ ਤੂੰ, ਅਪਣਾ ਮੁਖੌਟਾ ਲਾਹ ਲਿਆ,
ਫਿਰ ਉਸ ਦਿਨ ਤੇਰੀ ਹੀ ਪਰਛਾਈ ਤੇਰੇ ਤੋਂ ਡਰ ਗਈ।

ਇਸ ਸ਼ਿਅਰ ਦਾ ਭਾਵ ਅਰਥ ਹੈ ਕਿ ਦੋਹਰੇ ਕਿਰਦਾਰ ਨਾਲ ਜ਼ਿੰਦਗੀ ਜੀਵੀ ਨਹੀਂ ਜਾ ਸਕਦੀ। ਇੱਕ-ਨਾ-ਇੱਕ ਦਿਨ ਸੰਸਾਰ ਅੱਗੇ ਸ਼ਰਮਿੰਦਾ ਹੋਣਾ ਪਵੇਗਾ। ਇਨਸਾਨ ਆਪਣੇ ਆਪ ਤੋਂ ਅੰਤਹਕਰਨ ਦੀ ਆਵਾਜ਼ ਸੁਣਕੇ ਡਰਨ ਲੱਗ ਜਾਂਦਾ ਹੈ। ਗ਼ਜ਼ਲ ਸੰਗ੍ਰਹਿ ਦੀ ਆਖ਼ਰੀ ਗ਼ਜ਼ਲ ਦਾ ਸ਼ਿਅਰ ਹੈ:

ਦੁਨੀਆਂ ਅੰਦਰ ਕਿਸ ਕਿਸ ਦੇ ਹਨ, ਨਕਲੀ ਚਿਹਰੇ, ਕੀ ਜਾਣਾ,
ਹਾਲੇ ਤਾਂ ਆਪਣਾ ਹੀ ਅਸਲੀ, ਚਿਹਰਾ ਭਾਲੀ ਜਾਂਦਾ ਹਾਂ।

'ਬੜਾ ਮੁਸ਼ਕਲ ਹੈ' ਸਿਰਲੇਖ ਵਾਲੀ ਗ਼ਜ਼ਲ ਸ਼ੀਸ਼ਿਆਂ ਦੇ ਰੂਬਰੂ ਹੋਣਾ ਕਹਿਕੇ ਦਸਦੀ ਹੈ, ਇਨਸਾਨ ਦੀਆਂ ਗ਼ਲਤੀਆਂ ਦੀ ਸਜ਼ਾ ਜ਼ਰੂਰ ਮਿਲੇਗੀ। ਅੱਗ ਦੇ ਬਸਤਰਾਂ ਵਾਲੇ ਸ਼ਿਅਰ ਤੋਂ ਪ੍ਰਭਾਵ ਮਿਲਦਾ ਹੈ ਕਿ ਇੱਕ ਦਿਨ ਹਰ ਇੱਕ ਪ੍ਰਾਣੀ ਨੇ ਅੱਗ ਵਿੱਚ ਸੜਨਾ ਹੈ, ਪ੍ਰੰਤੂ ਮਾੜੇ ਕੰਮਾ ਨੂੰ ਇਨਸਾਨ ਫਿਰ ਵੀ ਛੱਡਦਾ ਨਹੀਂ। ਚੁੱਪ ਰਹਿਣ ਵਾਲਾ ਵੀ ਦੋਸ਼ੀ ਹੁੰਦਾ ਹੈ। ਬਲਰਾਜ ਧਾਲੀਵਾਲ ਦੀ ਇੱਕ ਗ਼ਜ਼ਲ ਵਿੱਚ ਹੀ ਅਨੇਕਾਂ ਸਮਾਜਿਕ ਸਰੋਕਾਰਾਂ ਦੀਆਂ ਗੱਲਾਂ ਕੀਤੀਆਂ ਹੋਈਆਂ ਹਨ। ਬਦਲੀ, ਚੰਨ ਅਤੇ ਹਵਾ ਦੀਆਂ ਉਦਾਹਨਾ ਦੇ ਕੇ ਗ਼ਜਲਗੋ ਇਸ਼ਾਰਾ ਕਰਦਾ ਹੈ, ਹੰਕਾਰ ਵਾਲੇ ਇੱਕ ਦਿਨ ਮੂਧੇ ਮੂੰਹ ਡਿਗਦੇ ਹਨ। ਬਦਲਾਅ ਤੇ ਪਾਣੀ 'ਚ ਦੀਵੇ ਤਾਰਨ ਨੂੰ ਵਹਿਮਾ ਭਰਮਾ ਦਾ ਪ੍ਰਤੀਕ ਕਹਿ ਰਿਹਾ ਹੈ। ਬਹੁਤ ਸਾਰੀਆਂ ਗ਼ਜ਼ਲਾਂ ਵਿੱਚ ਸ਼ਾਇਰ ਲਿਖਦਾ ਹੈ, ਇਨਸਾਨ ਅੰਦਰੋਂ ਬਾਹਰੋਂ ਇੱਕ ਨਹੀਂ, ਸਫ਼ਲਤਾ ਲਈ ਜਦੋਜਹਿਦ ਜ਼ਰੂਰੀ ਹੈ, ਜ਼ੋਰ ਜ਼ਬਰਦਸਤੀ ਬਹੁਤੀ ਦੇਰ ਨਹੀਂ ਚਲਦੀ, ਸਿਆਸਤਦਾਨ ਲਾਰੇ ਲਾਉਂਦੇ ਹਨ, ਪ੍ਰਾਪਤੀ ਲਈ ਤਿਆਗ ਵੀ ਕਰਨਾ ਪੈਂਦਾ, ਸੰਗੀਤ ਦੀ ਚੁੱਪ ਬੜਾ ਕੁਝ ਕਹਿ ਦਿੰਦੀ ਹੈ, ਇਨਸਾਨ ਵਿਕਾਊ ਹੈ, ਭਰੋਸਾ ਲੋਕ ਬੇਕਿਰਕੀ ਨਾਲ ਤੋੜ ਦਿੰਦੇ ਹਨ, ਮਜ਼ਹਬੀ ਟਕਰਾਓ ਨੁਕਸਾਨਦਾਇਕ ਅਤੇ ਲੋਕ ਬੇਲਗਾਮ ਹੋ ਗਏ ਹਨ ਆਦਿ। ਰੁੱਖਾਂ ਦੇ ਕਟਾਈ ਕਰਕੇ ਇਨਸਾਨ ਆਪਣੇ ਪੈਰੀਂ ਕੁਹਾੜਾ ਮਾਰਦਾ ਹੈ। ਰੁੱਖਾਂ ਸੰਬੰਧੀ ਸ਼ਾਇਰ ਨੇ ਲਗਪਗ ਦਸ ਗ਼ਜ਼ਲਾਂ ਵਿੱਚ ਵੱਖੋ-ਵੱਖਰੇ ਢੰਗ ਨਾਲ ਸ਼ਿਅਰ ਲਿਖੇ ਹਨ। ਸ਼ਾਇਰ 'ਜਦੋਂ ਕੋਈ ਟੁੱਟ ਕੇ ਤਾਰਾ' ਸਿਰਲੇਖ ਵਾਲੀ ਗ਼ਜ਼ਲ ਦਾ ਇੱਕ ਸਿਆਰ ਰੁੱਖਾਂ ਦੀ ਕਟਾਈ ਦੇ ਸੰਤਾਪ ਬਾਰੇ ਲਿਖਦਾ ਹੈ:

ਮੇਰੇ ਵਿਹੜੇ ਦਾ ਰੁੱਖ ਰੋਂਦਾ, ਸਵੇਰਾ ਹੋਣ ਤੱਕ ਅਕਸਰ,
ਜਦੋਂ ਇੱਕ ਲਿਸ਼ਕਦਾ ਆਰਾ, ਮੇਰੇ ਸੁਫ਼ਨੇ 'ਚ ਆਉਂਦਾ ਹੈ।

ਸਮਾਜ ਵਿੱਚ ਵਿਚਰਦੇ ਲੋਕ ਆਪਣੇ ਆਪ ਨੂੰ ਇੱਕ ਦੂਜੇ ਤੋਂ ਉਤਮ ਸਮਝਦੇ ਹਨ, ਇਥੋਂ ਤੱਕ ਕਿ ਬਰਾਬਰ ਵੀ ਨਹੀਂ ਸਮਝਦੇ। ਉਨ੍ਹਾਂ ਵਿੱਚ ਦੁਸ਼ਮਣੀ ਪਲਦੀ ਰਹਿੰਦੀ ਹੈ। ਇਨਸਾਨ-ਇਨਸਾਨ ਦਾ ਦੁਸ਼ਮਣ ਹੈ, ਇਸ ਸੰਬੰਧੀ 'ਦੋਸਤ ਖ਼ਜਰ ਚਲਾਉਣਾ' ਸਿਰਲੇਖ ਵਾਲੀ ਗ਼ਜ਼ਲ ਦੇ ਇੱਕ ਸ਼ਿਅਰ ਵਿੱਚ ਸ਼ਾਇਰ ਗੁੱਝੇ ਤੀਰ ਮਾਰਦਾ ਲਿਖਦਾ ਹੈ:

ਦੋਸਤਾ ਖੰਜਰ ਚਲਾਉਣਾ, ਦੁਸ਼ਮਣਾਂ ਲਈ ਰਹਿਣ ਦੇ।
ਜਿਸ ਤਰ੍ਹਾਂ ਤੂੰ ਬਦਲਦਾਂ, ਇਹ ਮੌਸਮਾ ਲਈ ਰਹਿਣ ਦੇ।

ਇਸੇ ਤਰ੍ਹਾਂ ਇਨਸਾਨ ਦਾ ਆਪਣੇ ਇਸ਼ਟ ਦੀ ਪ੍ਰਾਪਤੀ ਲਈ ਆਪਣੇ ਅੰਦਰ ਝਾਤੀ ਮਾਰਨ ਦੀ ਥਾਂ ਡੇਰਿਆਂ, ਸਾਧਾਂ ਸੰਤਾਂ, ਵਿਚੋਲਿਆਂ ਦਾ ਸਹਾਰਾ ਲੈਣ ਅਤੇ ਧਾਰਮਿਕ ਕੱਟੜਵਾਦ ਬਾਰੇ ਵੀ ਕਈ ਸ਼ਿਅਰ ਲਿਖੇ ਗਏ ਹਨ, ਜਿਨ੍ਹਾਂ ਵਿੱਚ ਦਰਸਾਇਆ ਗਿਆ ਹੈ ਕਿ ਧਰਮ ਇੱਕ ਕਿਸਮ ਨਾਲ ਵਿਓਪਾਰ ਬਣ ਗਿਆ ਹੈ। 'ਜਿਸ ਤਰ੍ਹਾਂ ਕੋਈ ਲਿਸ਼ਕਦੀ' ਸਿਰਲੇਖ ਵਾਲੀ ਗ਼ਜ਼ਲ ਦਾ ਇੱਕ ਸ਼ਿਅਰ ਧਾਰਮਿਕ ਸੰਕੀਰਨਾ ਬਾਰੇ ਇਸ ਪ੍ਰਕਾਰ ਹੈ:

ਭੀੜ ਬਿਫ਼ਰੀ ਦੇਖ ਕੇ, ਇਉਂ ਕਹਿ ਰਿਹਾ ਸੀ ਇੱਕ ਫ਼ਕੀਰ,
ਧਰਮ ਕਿੱਧਰੇ ਖੋ ਗਿਆ, ਵਿਓਪਾਰ ਅੱਗੇ ਆ ਗਿਆ।

ਇਸ ਗ਼ਜ਼ਲ ਸੰਗ੍ਰਹਿ ਵਿੱਚ ਮੁੱਖ ਤੌਰ 'ਤੇ ਸਮਾਜਿਕ ਸਰੋਕਾਰਾਂ ਦੀ ਵਕਾਲਤ ਕੀਤੀ ਗਈ ਹੈ, ਪ੍ਰੰਤੂ ਕੁਝ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਇਸ਼ਕ ਮੁਸ਼ਕ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਹ ਕਿਹਾ ਜਾਂਦਾ ਹੈ ਕਿ ਇਸ਼ਕ ਦੇ ਰਾਹ ਔਜੜ ਹੁੰਦੇ ਹਨ, ਅਨੇਕਾਂ ਅੜਚਣਾਂ ਆਉਂਦੀਆਂ ਹਨ। ਇਸ਼ਕ ਵਿੱਚ ਲੋਕ ਭੱਟਕਦੇ ਰਹਿੰਦੇ ਹਨ। ਉਹ ਆਪਣੀ ਅਮਨ ਚੈਨ ਖੋ ਬੈਠਦੇ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ਼ਕ ਛੁਪਾਇਆਂ ਛੁਪਦਾ ਨਹੀਂ। 'ਕਿਸੇ ਕਾਤਲ ਨਜ਼ਰ ਦਾ' ਗ਼ਜ਼ਲ ਵਿੱਚ ਇੱਕ ਸ਼ਿਅਰ ਹੈ:

ਤੁਰੇ ਦੋ ਪਲ ਅਸੀਂ 'ਕੱਠੇ, ਕਹਾਣੀ ਸੀ ਬੜੀ ਛੋਟੀ,
ਬੜਾ ਮਸ਼ਹੂਰ ਪਰ ਜੱਗ 'ਤੇ, ਫ਼ਸਾਨਾ ਹੋ ਗਿਆ ਯਾਰੋ।

ਬਲਰਾਜ ਧਾਲੀਵਾਲ ਆਪਣੇ ਸ਼ਿਅਰਾਂ ਵਿੱਚ ਰੂਹ ਦੇ ਇਸ਼ਕ ਦੀ ਗੱਲ ਵੀ ਕਰਦਾ ਹੈ, ਪ੍ਰੰਤੂ ਇਸਦੇ ਨਾਲ ਹੀ ਉਹ ਲਿਖਦਾ ਹੈ ਕਿ ਅੱਜ ਕਲ੍ਹ ਦੇ ਜ਼ਮਾਨੇ ਵਿੱਚ ਲੋਕਾਂ ਨੇ ਇਸ਼ਕ ਨੂੰ ਵੀ ਵਿਓਪਾਰ ਬਣਾ ਲਿਆ ਹੈ। ਇਸ ਕਰਕੇ ਧੋਖੇ, ਫ਼ਰੇਬ ਆਮ ਹੋ ਰਹੇ ਹਨ। 'ਸ਼ੀਸ਼ਿਆਂ ਦੇ ਸ਼ਹਿਰ ਅੰਦਰ' ਸਿਰਲੇਖ ਵਾਲੀ ਗ਼ਜ਼ਲ ਦਾ ਆਧੁਨਿਕ ਇਸ਼ਕ ਬਾਰੇ ਇੱਕ ਸ਼ਿਅਰ ਇਸ ਪ੍ਰਕਾਰ ਹੈ:

ਕੰਮ ਧੰਦਾ ਇਸ ਤਰ੍ਹਾਂ, ਬਾਜ਼ਾਰ ਵਿੱਚ ਵੀ ਕਦ ਰਿਹਾ,
ਇਸ਼ਕ ਵਿੱਚੋਂ ਜਿਸ ਤਰ੍ਹਾਂ, ਵਿਉਪਾਰ ਦੇ ਹਾਸਿਲ ਦਿਸੇ।

ਇਸ਼ਕ ਦੇ ਵਣਜ ਬਾਰੇ 'ਜੇ ਸਫ਼ਰ 'ਤੇ ਤੁਰਨ ਲਈ' ਸਿਰਲੇਖ ਵਾਲੀ ਗ਼ਜ਼ਲ ਇੱਕ ਸ਼ਿਅਰ ਹੈ:

ਇਸ਼ਕ ਵਿੱਚੋਂ ਜਿਸ ਤਰ੍ਹਾਂ, ਘਾਟਾ ਨਫ਼ਾ ਤੂੰ ਦੇਖਦੈਂ,
ਇਹ ਅਲਾਮਤ ਵਣਜ ਦੀ ਹੈ, ਪਿਆਰ ਦਾ ਹਾਸਿਲ ਨਹੀਂ।

ਬਲਰਾਜ ਧਾਲੀਵਾਲ ਨੇ ਆਪਣੀਆਂ ਗ਼ਜ਼ਲਾਂ ਦੇ ਕੁਝ ਸ਼ਿਅਰਾਂ ਵਿੱਚ ਪਰਵਾਸ ਦੇ ਸੰਤਾਪ ਨੂੰ ਮਹਿਸੂਸ ਕਰਦਿਆਂ ਲਿਖਿਆ ਹੈ। ਦੋ ਗ਼ਜ਼ਲਾਂ ਦੇ ਪਰਵਾਸ ਬਾਰੇ ਸ਼ਿਅਰ ਇਸ ਪ੍ਰਕਾਰ ਹਨ:

ਫ਼ਰਕ ਨਹੀਂ ਤੂੰ ਸੌਂ ਗਿਆ, ਮੈਂ ਜਾਗਦਾਂ ਪਰਦੇਸ ਵਿੱਚ,
ਸੌਂ ਗਏ ਜੇ ਦੋਸਤੀ ਦੇ ਵਲਵਲੇ, ਤਾਂ ਰੱਬ ਰਾਖਾ।
ਘਰ ਜਾਣ ਦੀ ਇੱਕ ਤਾਂਘ, ਦਿਲ ਦੇ ਵਿੱਚ ਸਦਾ ਪਲਦੀ ਰਹੀ,
ਭਾਰੂ ਰਿਹਾ ਸਫ਼ਰਾਂ ਦਾ ਪਰ, ਉਮਰੋਂ ਲੰਮੇਰਾ ਸਿਲਸਿਲਾ।
ਉਚੇ ਮਿਨਾਰਾਂ 'ਚੋਂ ਉਹ ਪੰਛੀ, ਕਰ ਗਏ ਪਰਵਾਸ ਕਿਉਂ,
ਉਹ ਜਾਣਦੇ ਸਨ ਆਵਣਾ ਹੈ, ਇੱਕ ਨਾ ਇੱਕ ਦਿਨ ਜ਼ਲਜ਼ਲਾ।

ਬਲਰਾਜ ਧਾਲੀਵਾਲ ਤੋਂ ਭਵਿਖ ਵਿੱਚ ਹੋਰ ਵੀ ਬਿਹਤਰੀਨ ਗ਼ਜ਼ਲਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।
86 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ।
ਸੰਪਰਕ ਬਲਰਾਜ ਧਾਲੀਵਾਲ: 001 6478865068